# ਦਫਤਰ ਜਿਲਾ ਸਿਖਿਆ ਅਫਸਰ (ਸੈ.ਸਿ), ਅੰਮ੍ਰਿਤਸਰ।

ਵੱਲ

ਸਮੂਹ ਸਕੂਲ ਮੁਖੀ,
ਸਰਕਾਰੀ / ਸਹਾਇਤਾ ਪ੍ਰਾਪਤ ਏਡਡ / ਪ੍ਰਾਈਵੇਟ ਸਕੂਲਜ,
ਜਿਲਾ ਅੰਮ੍ਰਿਤਸਰ।

ਮੀਮੋ ਨੰ ਸਟੈਨੋ-ਜਿਸਿਅ/2016-9
ਮਿਤੀ 03-01-2017

ਵਿਸ਼ਾ: **ਨਵੇ ਸਾਲ ਦੇ ਅਗਾਜ਼ 2017 ਦੀ ਮੁਬਾਰਕਬਾਦ।**

ਮੈਨੂੰ ਜਿਲੇ ਦੇ ਸਮੂਹ ਸਕੂਲ ਮੁਖੀਆਂ ਨੂੰ ਇਹ ਕਹਿਣ ਦਾ ਫ਼ਕਰ ਮਹਿਸੂਸ ਹੋ ਰਿਹਾ ਹੈ, ਕਿ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਅਤੇ ਗੁਰੂ ਸਾਹਿਬਾਨ ਦੀ ਨਗਰੀ ਵਿਚ ਮੈਨੂੰ ਸੇਵਾ ਕਰਨ ਦਾ ਸੁਭਾਗ ਹਾਸਲ ਹੋਇਆ ਹੈ। ਮੈਨੂੰ ਇਹ ਮਾਨ ਹਾਸਲ ਹੋ ਰਿਹਾ ਹੈ ਕਿ ਮੈ ਇਸ ਜਿਲੇ ਵਿਚ ਰਹਿੰਦੇ ਹੋਏ ਆਪ ਸਭ ਨੂੰ ਨਵੇ ਸਾਲ ਦੀਆਂ ਸੁਭਕਾਮਨਾਵਾਂ ਦੇਵਾਂ ਅਤੇ ਇਹ ਦੂਆ ਕਰਦਾ ਹਾਂ ਕਿ ਇਹ ਸਾਲ ਆਪ ਸਭ ਲਈ ਖੁਸ਼ੀਆਂ ਅਤੇ ਖੇੜਿਆ ਭਰਪੂਰ ਹੋਵੇ ਅਤੇ ਆਪ ਸਭ ਨੂੰ ਪ੍ਰਮਾਤਮਾ ਹੋਰ ਵੀ ਚੰਗੇ ਤੇ ਸੁਚੱਜੇ ਢੰਗ ਨਾਲ ਕੰਮ ਕਰਨ ਦੀ ਸਮੱਰਥਾ ਬਖਸ਼ੇ। ਨਵੇ ਸਾਲ ਵਿਚ ਆਪ ਤੋ ਇਹ ਆਸ ਕੀਤੀ ਜਾਂਦੀ ਹੈ ਕਿ ਜੋ ਵੀ ਘਾਟਾਂ ਪਿਛਲੇ ਸਾਲ ਵਿਚ ਰਹੀਆ ਹਨ, ਉਨਾਂ ਨੂੰ ਇਸ ਸਾਲ ਵਿਚ ਪਹਿਲ ਦੇ ਆਧਾਰ ਤੇ ਕਰਨਾ ਯਕੀਨੀ ਬਣਾਇਆ ਜਾਵੇ, ਅਤੇ ਇਸ ਸਾਲ ਕੋਈ ਹੋਰ ਘਾਟ ਨਾਂ ਆਵੇ, ਇਸ ਨੂੰ ਹੁਣੇ ਤੋ ਹੀ ਇਸ ਦਾ ਆਗਾਜ ਕਰ ਦੇਣਾ ਚਾਹੀਦਾ ਹੈ।

ਆਸ ਹੈ ਕਿ ਆਪ ਇਸ ਸਾਲ ਵਿਚ ਹੋਰ ਵੀ ਚੰਗੇ ਢੰਗ ਨਾਲ ਪਲਾਨ ਕਰਕੇ ਸਕੂਲ ਦੇ ਪੜ੍ਹਾਈ ਦੇ ਪੱਧਰ ਨੂੰ ਉਚਾ ਚੁਕਣ ਲਈ ਯਤਨਸ਼ੀਲ ਰਹੋਗੇ ਅਤੇ ਇਸ ਪਵਿੱਤਰ ਨਗਰੀ ਦਾ ਨਾਂ ਹੋਰ ਵੀ ਚੰਗੇ ਢੰਗ ਨਾਲ ਰੋਸ਼ਨ ਕਰਨ ਦੀ ਕ੍ਰਿਪਾਲਤਾ ਕਰੋਗੇ। ਮਿਤੀ 04-01-2016 ਤੋ ਸਾਰੇ ਸਕੂਲ ਆਮ ਦੀ ਤਰਾਂ ਹੀ ਖੁਲਣਗੇ। ਇਕ ਚੰਗੀ ਆਸ ਨਾਲ ਫੇਰ ਤੋ ਨਵੇ ਸਾਲ ਦੀਆਂ ਸੁਭਕਾਮਨਾਵਾਂ ਸਹਿਤ।

03.01.16

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।